# ਸੁਪਨਿਆਂ ਦੇ ਸਿਰਜਕ—ਗੁਰਸ਼ਰਨ ਭਾ ਜੀ

*—ਡਾ. ਧਰਮਵੀਰ ਗਾਂਧੀ*

ਜ਼ਿੰਦਗੀ ਵਿਚ ਮੈਂ ਬਹੁਤ ਸਾਰਾ ਤਾਂ ਨਹੀਂ, ਕਾਫ਼ੀ ਕੁਝ ਲਿਖਿਆ ਹੈ। ਦੇਸ਼ ਸਮਾਜ ਅਤੇ ਸਮਕਾਲੀਨ ਸਿਆਸਤ ਦੇ ਚਲੰਤ ਮਸਲਿਆਂ ਉੱਤੇ, ਸਿਆਸੀ ਅਤੇ ਭਾਵਨਾਤਮਕ ਟਿੱਪਣੀਆਂ ਤੋਂ ਲੈ ਕੇ ਕਾਲੇ ਸਮਿਆਂ ਅੰਦਰ ਅਨੇਕਾਂ ਉਤੇਜਨਾਤਮਕ ਲੇਖ ਲਿਖੇ ਹਨ। ਮਨ ਅੰਦਰਲੇ ਵਿਚਾਰਾਂ, ਵਲਵਲਿਆਂ, ਗੁੱਸੇ ਤੇ ਨਫ਼ਰਤ ਸਮੇਤ ਕਿਸੇ ਵੀ ਭਾਗ ਨੂੰ ਪ੍ਰਗਟਾਉਣ ਜਾਂ ਤਰਤੀਬਬੱਧ ਕਰਨ ਲਈ ਮੌਲਿਕ ਵਿਚਾਰਾਂ ਦੇ ਸ਼ਬਦਾਂ ਦੀ ਘਾਟ ਨਹੀਂ ਰੜਕੀ। ਪਰ ਪਿਛਲੇ ਚਾਲੀ ਤੋਂ ਵੱਧ ਸਾਲਾਂ ਤੋਂ ਲਗਾਤਾਰ ਮੇਰੇ ਦਿਲ ਅੰਦਰ ਥਾਂ ਮੱਲੀ ਬੈਠੇ, ਮੇਰੇ ਅਸੀਮ ਸਤਿਕਾਰ ਤੇ ਸ਼ਰਧਾਰ ਦੀ ਮੂਰਤ, ਭਾ ਜੀ ਗੁਰਸ਼ਰਨ ਸਿੰਘ ਹੁਰਾਂ ਬਾਰੇ ਕੁਝ ਵੀ ਬੋਲਣਾ ਜਾਂ ਲਿਖਣਾ ਮੈਨੂੰ ਬੇਹੱਦ ਮੁਸ਼ਕਿਲ ਲੱਗਦਾ ਹੈ। ਮਨ, ਵਿਚਾਰ ਤੇ ਕਲਮ ਦਾ ਇਹ ਅਜੀਬ ਵਰਤਾਰਾ ਤੇ ਅਣਕਿਆਸਿਆ ਦਵੰਦ, ਮੈਂ ਪਹਿਲੀ ਵਾਰ ਹੰਢਾਇਆ ਹੈ। ਕਾਰਨ ਟਟੋਲੇ ਤਾਂ ਦੋ ਹੀ ਲੱਗੇ। ਇੱਜ਼ਤ, ਪਿਆਰ ਅਤੇ ਇਸ਼ਕ ਦੀ ਇੰਤਹਾ ਜਾਂ ਫਿਰ ਭਾ ਜੀ ਦਾ ਖ਼ੁਦ, ਜ਼ਿੰਦਗੀ ਤੋਂ ਵੀ ਵੱਡ-ਆਕਾਰੀ ਸ਼ਖ਼ਸੀਅਤ ਹੋ ਨਿਬੜਨਾ, ਜਿਸ ਨੂੰ ਅੰਗਰੇਜ਼ੀ ਵਿਚ—A person larger than life itself ਕਹਿੰਦੇ ਹਨ। ਸ਼ਾਇਦ ਦੋਵੇਂ ਹੀ ਕਾਰਨ ਸੱਚ ਹੋਣ।

ਭਾ ਜੀ ਨੂੰ ਮੈਂ ਚਾਰ ਦਹਾਕੇ ਪਹਿਲਾਂ ਅੰਮ੍ਰਿਤਸਰ ਵਿਖੇ ਪਹਿਲੀ ਵਾਰ ਮਿਲਿਆ ਸਾਂ। 1971, ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਮੇਰੇ ਕੋਰਸ ਦਾ ਪਹਿਲਾ ਸਾਲ ਮੇਰੀ ਜ਼ਿੰਦਗੀ ਜਿਊਣ ਦੇ ਢੰਗ ਤੇ ਜੀਵਨ ਦਰਸ਼ਨ ਵਿਚ ਆਏ ਇਕ ਅਹਿਮ ਮੋੜ ਦਾ ਸਾਲ। ਮੇਰੇ ਜੀਵਨ ਅੰਦਰ ਆਈ ਇਸ ਤਬਦੀਲੀ ਦੇ ਤਿੰਨ ਨਾਇਕ ਸਨ—ਕਾ. ਕਾਰਲ ਮਾਰਕਸ, ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਭਾ ਜੀ ਗੁਰਸ਼ਰਨ ਸਿੰਘ। ਜਿਥੇ ਮਾਰਕਸਵਾਦੀ ਫ਼ਲਸਫ਼ੇ ਦੀ ਬੌਧਿਕ ਉੱਤਮਤਾ ਮੇਰੀ ਅੰਦਰੂਨੀ ਸ਼ਕਤੀ ਬਣੀ, ਉਥੇ ਇਕ ਵਡੇਰੇ ਮਕਸਦ, ਮਨੁੱਖਤਾ ਦੇ ਉੱਜਲ ਭਵਿੱਖ ਸਮਾਜਵਾਦ ਲਈ ਤੁਰਨ ਲਈ ਮੇਰੇ ਪੈਰਾਂ ਨੂੰ ਰਵਾਨਗੀ ਦਿੱਤੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਭਾ ਜੀ ਗੁਰਸ਼ਰਨ ਸਿੰਘ ਨੇ। ਜਿਥੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਛੋਟੀ ਉਮਰੇ, ਇਕ ਗੰਭੀਰ ਚਿੰਤਕ, ਇਕ ਜਾਂਬਾਜ਼ ਯੋਧਾ ਬਣ ਕੇ ਇਨਕਲਾਬੀ ਨਿਹਚੈ ਦੀ ਉੱਚਤਮ

ਸਿਖ਼ਰ, ਫਾਂਸੀ ਦਾ ਰੱਸਾ ਚੁੰਮ ਲੈਣਾ ਮੇਰੇ ਲਈ ਅੱਜ ਤਕ ਪ੍ਰੇਰਨਾ ਸ੍ਰੋਤ ਬਣਿਆ ਹੋਇਆ ਹੈ, ਉਥੇ ਲਗਾਤਾਰ 60 ਸਾਲ ਅਨੇਕਾਂ ਔਕੜਾਂ-ਝੱਖੜਾਂ ਦਾ ਸਿਦਕਦਿਲੀ ਨਾਲ ਮੁਕਾਬਲਾ ਕਰਦਿਆਂ, ਜਿਸ ਲਗਾਤਾਰਤਾ, ਸਪੱਸ਼ਟਤਾ, ਦ੍ਰਿੜ੍ਹਤਾ, ਨਿਹਚਾ ਤੇ ਜੋਸ਼ ਨਾਲ ਗੁਰਸ਼ਰਨ ਭਾਅ ਜੀ ਨੇ ਪੰਜਾਬ ਦੇ ਕੋਨੇ-ਕੋਨੇ ਵਿਚ ਇਨਕਲਾਬੀ ਸਿਆਸਤ ਦਾ ਪ੍ਰਚਾਰ ਕਰਕੇ ਇਕ ਇਤਿਹਾਸਕ ਤੇ ਬੇਮਿਸਾਲ ਭੂਮਿਕਾ ਨਿਭਾਈ, ਉਹ ਵੀ ਮੇਰੇ ਲਈ ਇਕ ਜੀਵੰਤ ਤੇ ਨਿੱਤ-ਨਵਿਆਉਂਦਾ ਪ੍ਰੇਰਨਾ ਸ੍ਰੋਤ ਬਣਿਆ ਰਿਹਾ ਹੈ।

ਭਾ ਜੀ ਦਾ ਅੱਤ ਨਿੱਤਾ ਅਤੇ ਮਿਲਾਪੜਾ ਸੁਭਾਅ, ਉਨ੍ਹਾਂ ਅੰਦਰਲੀ ਹਲੀਮੀ, ਹਉਮੈ ਰਹਿਤ ਵਿਹਾਰ, ਉਨ੍ਹਾਂ ਦੀ ਸਾਫ਼ਗੋਈ ਅਤੇ ਦੂਜੇ ਦੀ ਗੱਲ ਸੁਣਨ ਤੇ ਉਸ ਨੂੰ ਵਜ਼ਨ ਦੇਣ ਦੀ ਸਲਾਹੀਅਤ ਉਨ੍ਹਾਂ ਦੀ ਸ਼ਖ਼ਸੀਅਤ ਦੇ ਨਾਯਾਬ ਗੁਣ ਸਨ। ਸੱਚ ਕਹਾਂ, ਭਾ ਜੀ ਬਹੁਤ ਭੋਲੇ ਤੇ ਸਾਫ਼ ਦਿਲ ਇਨਸਾਨ ਸਨ।

ਭਾ ਜੀ ਨੇ ਕਦੇ ਵੀ ਮਾਰਕਸਵਾਦ ਦੇ ਗੂੜ੍ਹ-ਗਿਆਤਾ ਹੋਣ ਦਾ ਭਰਮ ਨਹੀਂ ਪਾਲਿਆ। ਪਰ ਆਪਣੀ ਜ਼ਿੰਦਗੀ ਦੇ ਸਮੁੱਚੇ ਅਮਲ ਦੁਆਰਾ, ਉਹ ਸਾਡੇ ਸਮਿਆਂ ਦੀ ਲੋਕਪੱਖੀ ਤੇ ਇਨਕਲਾਬੀ ਸਿਆਸਤ ਦੇ ਆਪਣੇ ਆਖ਼ਰੀ ਸਾਹਾਂ ਤਕ, ਧਰੂ ਤਾਰਾ ਬਣੇ ਰਹੇ। ਅਲੱਗ-ਅਲੱਗ ਮੌਕਿਆਂ 'ਤੇ ਕੁਝ ਲੋਕਾਂ ਵੱਲੋਂ ਆਪਣੇ ਬਾਰੇ ਕੀਤੀਆਂ ਗਈਆਂ ਹੋਛੀਆਂ, ਆਧਾਰਹੀਣ ਤੇ ਬੇਲੋੜੀਆਂ ਅਤੇ ਗ਼ੈਰ-ਜ਼ਿੰਮੇਦਾਰਾਨਾ ਟਿੱਪਣੀਆਂ ਤੋਂ ਬੇਪਰਵਾਹ ਭਾ ਜੀ ਸਾਰੀ ਉਮਰ ਇਨਕਲਾਬੀ ਜਮਹੂਰੀ ਕਾਫ਼ਲਿਆਂ ਨੂੰ ਇਕਮੁੱਠ ਕਰਨ ਲਈ ਯਤਨਸ਼ੀਲ ਰਹੇ। ਭਾ ਜੀ ਦਾ ਸੰਘਰਸ਼-ਸਫ਼ਰ, ਉਨ੍ਹਾਂ ਅੰਦਰ ਸਾਰੀ ਉਮਰ ਲਟ-ਲਟ ਬਲਦੀ ਇਨਕਲਾਬੀ ਜਵਾਲਾ, ਸਮਾਜ ਦੀ ਇਨਕਲਾਬੀ ਕਾਇਆ ਪਲਟੀ ਲਈ ਅਣਥੱਕ ਜੱਦੋਜਹਿਦ, ਜਿਥੇ ਇਨਕਲਾਬ ਪ੍ਰਤੀ ਉਨ੍ਹਾਂ ਦੀ ਅਟੱਲ ਪ੍ਰਤਿਬੱਧਤਾ ਦੀ ਲਖਾਇਕ ਹੈ, ਉਥੇ ਇਨਕਲਾਬੀ ਲਹਿਰ ਦੀ ਇਕਮੁੱਠਤਾ ਲਈ ਉਨ੍ਹਾਂ ਦੀ ਭਾਵਨਾ ਤੇ ਤੜਪ, ਇਕ ਸੱਚੇ ਇਨਸਾਨ ਵੱਲੋਂ ਇਸ ਮਹਾਨ ਕਾਰਜ ਲਈ ਦਿਖਾਈ ਗਈ 'ਹਿਰਦੈ ਦੀ ਵਿਸ਼ਾਲਤਾ' ਦੀ ਵੀ ਪ੍ਰਤੀਕ ਹੈ।

ਭਾ ਜੀ ਮਹਿਜ਼ ਪੰਜਾਬੀ ਨਾਟ ਮੰਚ ਦੇ ਬੇਤਾਜ ਬਾਦਸ਼ਾਹ ਹੀ ਨਹੀਂ ਸੀ। ਅਜਿਹਾ ਸੋਚਣਾ ਜਾਂ ਕਹਿਣਾ ਉਨ੍ਹਾਂ ਦੀ ਕੁੱਲ ਘਾਲਣਾ ਤੇ ਸੰਘਰਸ਼ ਨੂੰ ਛੁਟਿਆਉਣ ਦੇ ਤੁਲ ਹੋਵੇਗਾ। ਨਾਟ-ਸਰਗਰਮੀ ਉਨ੍ਹਾਂ ਦੇ ਇਨਕਲਾਬੀ ਜੀਵਨ ਦਾ ਇਕ ਅਤਿ ਮਹੱਤਵਪੂਰਨ ਪਹਿਲੂ ਜ਼ਰੂਰ ਕਿਹਾ ਜਾ ਸਕਦਾ ਹੈ। ਭਾ ਜੀ ਨਾਟਕਾਂ ਤੋਂ ਕਿਤੇ ਵੱਡੇ ਸਨ। ਜਵਾਨੀ ਦੇ ਥੋੜ ਚਿਰੇ ਦੌਰ ਤੋਂ ਬਾਅਦ ਭਾਵੇਂ ਉਹ ਰਵਾਇਤੀ ਕਮਿਊਨਿਸਟ ਪਾਰਟੀਆਂ ਜਾਂ ਇਨਕਲਾਬੀ ਗਰੁੱਪਾਂ ਦਾ ਉਸ ਤਰ੍ਹਾਂ ਹਿੱਸਾ ਨਹੀਂ ਬਣੇ, ਪਰ ਇਕ ਸੁਹਿਰਦ ਕਮਿਊਨਿਸਟ ਵਾਂਗ ਵਿਚਰਦਿਆਂ ਇਨਕਲਾਬੀ ਲਹਿਰ ਵਿਚ ਪਾਏ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਨੂੰ ਆਉਣ ਵਾਲੀਆਂ ਪੀੜ੍ਹੀਆਂ ਕਦੇ ਨਹੀਂ ਭੁੱਲਣਗੀਆਂ।

ਭਾ ਜੀ ਦੇ ਮਾਣਮੱਤੇ, ਸਰਗਰਮੀਆਂ ਨਾਲ ਲਬਰੇਜ਼ 60 ਵਰ੍ਹੇ ਦਹਾਕਿਆਂ ਨਾਲ ਨਹੀਂ, ਸਦੀਆਂ ਨਾਲ ਮਿਣੇ ਜਾਣਗੇ। ਪਿੰਡ-ਪਿੰਡ ਕਸਬੇ-ਕਸਬੇ, ਸ਼ਹਿਰ-ਸ਼ਹਿਰ ਇਨਕਲਾਬ ਜ਼ਿੰਦਾਬਾਦ ਦਾ ਹੋਕਾ ਦਿੰਦੀ, ਹਾਕਮਾਂ ਵਿਚ ਖ਼ੌਫ਼ ਤੇ ਮਜ਼ਲੂਮਾਂ ਵਿਚ ਜੋਸ਼ ਭਰਦੀ, ਭਾ ਜੀ ਦੀ ਸ਼ੇਰ ਵਰਗੀ ਗਰਜਵੀਂ ਆਵਾਜ਼ ਸਾਨੂੰ ਸਦਾ ਯਾਦ ਰਹੇਗੀ। ਭਾ ਜੀ ਮੇਰੇ ਵਰਗੇ ਲੱਖਾਂ ਲੋਕਾਂ ਦੇ ਨਾਇਕ ਤੇ ਪ੍ਰੇਰਨਾ ਸ੍ਰੋਤ ਸਨ।

ਭਾ ਜੀ ਔਖੇ ਪੈਂਡਿਆਂ ਦੀ ਜੁਗਤੀ ਰਾਹ ਦਰਸਾਵੇ ਸਨ। ਭਾ ਜੀ ਕਾਲੀਆਂ ਸਿਆਹ ਰਾਤਾਂ ਦੀ ਮਸ਼ਾਲ ਸਨ। ਭਾ ਜੀ ਨਿਰਾਸ਼ ਸਮਿਆਂ ਦੀ ਆਸ ਸਨ। ਭਾ ਜੀ ਸੁਪਨਿਆਂ ਦੇ ਸਿਰਜਕ ਸਨ। ਭਾ ਜੀ ਸਮੁੱਚੇ ਪੰਜਾਬ ਅੰਦਰ ਸੁਪਨੇ ਬੀਜ ਕੇ ਗਏ ਹਨ। ਭਾ ਜੀ ਨੇ ਪੰਜਾਬ ਦੇ ਕੋਨੇ-ਕੋਨੇ ਅੰਦਰ ਇਨਕਲਾਬ ਦੀ ਅਲਖ਼ ਜੋ ਜਗਾਈ ਹੈ, ਸੂਹੀ ਸਵੇਰੇ ਲਈ ਤਾਂਘ ਦੀ ਚਿਣਗ ਜੋ ਸੁਲਘਾਈ ਹੈ, ਭਾ ਜੀ ਦੀ ਇਹ ਘਾਲਣਾ ਅਜਾਈਂ ਨਹੀਂ ਜਾਵੇਗੀ। ਆਪਣਾ ਰੰਗ ਜ਼ਰੂਰ ਵਿਖਾਏਗੀ। ਸਾਡੇ ਸਮਿਆਂ 'ਚ ਨਹੀਂ ਤਾਂ ਆਉਣ ਵਾਲੇ ਸਮਿਆਂ 'ਚ ਜ਼ਰੂਰ। ਭਾ ਜੀ ਦੇ ਸਾਡੇ ਵਿਚੋਂ ਚਲੇ ਜਾਣ 'ਤੇ ਉਦਾਸ ਹੁੰਦਾ ਹੋਇਆ ਵੀ ਉਨ੍ਹਾਂ ਦੀ ਸੰਗਤ-ਸ਼ੋਹਬਤ 'ਚ ਗੁਜ਼ਾਰੇ ਅਣਗਿਣਤ ਸਾਲਾਂ 'ਤੇ ਮਾਣ ਮਹਿਸੂਸ ਕਰਦਾ ਹਾਂ। ਪਤਾ ਨਹੀਂ ਕਿਸੇ ਨੂੰ ਕਿਵੇਂ ਲੱਗੇ ਪਰ ਮੈਂ ਇਹ ਮਨ-ਮਹਿਸੂਸੀ ਗੱਲ ਕਹਿਣ ਤੋਂ ਰਹਿ ਨਹੀਂ ਸਕਦਾ ਕਿ ਗੁਰਸ਼ਰਨ ਭਾ ਜੀ, ਗੁਰਸ਼ਰਨ ਭਾ ਜੀ ਹੀ ਸਨ। ਉਨ੍ਹਾਂ ਦਾ ਕਿਸੇ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਇਹ ਮੇਰਾ ਇਕ ਵਿਚਾਰ ਹੈ। ਲੋਕ ਕਹਿੰਦੇ ਹਨ—ਇਤਿਹਾਸ ਦੁਹਰਾਉਂਦਾ ਹੈ, ਦੁਹਰਾਉਂਦਾ ਹੋਊਗਾ, ਅਲੱਗ ਸਮਿਆਂ ਅਲੱਗ ਪ੍ਰਸੰਗਾਂ ਵਿਚ।

ਸੰਸਾਰ ਭਰ ਦੇ ਇਨਕਲਾਬੀ ਸ਼ਹੀਦਾਂ ਦੇ ਨਾਲ ਨਾਲ ਮੇਰੀ, ਸਭ ਤੋਂ ਸਤਿਕਾਰਤ ਸ਼ਖ਼ਸੀਅਤ ਸਾਡੇ ਮਹਾਨ ਇਨਕਲਾਬੀ ਯੋਧੇ ਨੂੰ ਮੇਰਾ ਲਾਲ ਸਲਾਮ!